The BADGER Study
School of Medicine
T: +44(0)1782 731750

**The BADGER Study**

School of Medicine

Keele University

ST5 5BG

**ਸ੍ਰੀਮਾਨ/ਸ੍ਰੀਮਤੀ,**

ਅਸੀਂ ਕੀਲ ਵਿਸ਼ਵਵਿਦਿਆਲੇ ਵਿਚ ਖੋਜਾਰਥੀਆਂ ਦਾ ਗਰੁੱਪ ਹਾਂ, ਜਿਹੜੇ ਸਲਾਹ-ਮਸ਼ਵਰੇ ਦੀ ਸੇਵਾ ਬਾਰੇ ਖੋਜ ਕਰ ਰਹੇ ਹਾਂ-ਅਜਿਹੀ ਸੇਵਾ, ਜਿਸ ਤਹਿਤ ਮਰੀਜ਼ ਦੀ ਕਿਸੇ ਮਾਹਰ ਕੋਲ ਸਪਾਰਸ਼ ਕਰਨ ਤੋਂ ਪਹਿਲਾਂ ਡਾਕਟਰ ਮਾਹਿਰ ਦੀ ਸਲਾਹ ਲੈ ਸਕਦੇ ਹਨ, ਅਤੇ ਇਹ ਸੇਵਾ ਮਰੀਜ਼ ਦੀ ਦੇਖਭਾਲ 'ਤੇ ਕਿਵੇਂ ਅਸਰ ਪਾਉਂਦੀ ਹੈ।

**ਤੁਹਾਡੀ ਜੀ.ਪੀ. ਪ੍ਰੈਕਟਿਸ ਇਸ ਅਧਿਐਨ (ਜਿਸ ਨੂੰ BADGER ਕਹਿੰਦੇ ਹਨ)ਵਿੱਚ ਸਾਡੇ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਨੇ ਤੁਹਾਨੂੰ ਇਹ ਸੱਦਾ ਭੇਜਿਆ** ਹੈ ਕਿਉਂਕਿ ਤੁਹਾਡੇ ਜੀ.ਪੀ. ਨੇ ਹਾਲ ਹੀ ਵਿੱਚ ਸਲਾਹ-ਮਸ਼ਵਰੇ ਦੀ ਸੇਵਾ ਦੀ ਵਰਤੋਂ ਕੀਤੀ ਹੈ, ਜੋ ਕਿ ਤੁਹਾਡੀ ਦੇਖਭਾਲ ਦਾ ਹਿੱਸਾ ਹੈ।

**ਅਸੀਂ ਤੁਹਾਨੂੰ BADGER ਅਧਿਐਨ ਵਿੱਚ ਹਿੱਸਾ ਲੈਣ ਲਈ ਸੱਦਾ ਦੇ ਰਹੇ ਹਾਂ।**

ਅਸੀਂ ਤੁਹਾਡੇ ਡਾਕਟਰ ਨਾਲ ਤੁਹਾਡੀ ਹਾਲੀਆ ਮੁਲਾਕਾਤ ਬਾਰੇ ਗੱਲ ਕਰਨਾ ਚਾਹੁੰਦੇ ਹਾਂ ਤੇ ਤੁਸੀਂ ਆਪਣੀ ਦੇਖਭਾਲ ਵਿੱਚ ਸਲਾਹ-ਮਸ਼ਵਰੇ ਦੀ ਸੇਵਾ ਦੀ ਵਰਤੋਂ ਬਾਰੇ ਕੀ ਮਹਿਸੂਸ ਕਰਦੇ ਹੋ। ਅਸੀਂ ਤੁਹਾਡੇ ਨਾਲ ਫਿਰ ਵੀ ਗੱਲ ਕਰਨਾ ਚਾਹਵਾਂਗੇ ਭਾਵੇਂ ਤੁਸੀਂ ਸਲਾਹ ਅਤੇ ਮਾਰਗਦਰਸ਼ਨ ਸੇਵਾ ਬਾਰੇ ਨਹੀਂ ਜਾਣਦੇ।

ਇਸ ਅਧਿਐਨ ਦਸਤਾਵੇਜ਼ ਵਿਚ ਹੋਰ ਵੀ ਜਾਣਕਾਰੀ ਹੈ ਜਿਸ ਵਿਚ ਤੁਸੀਂ ਇਸ ਅਧਿਐਨ ਬਾਰੇ ਪੜ੍ਹ ਸਕਦੇ ਹੋ ਤਾਂ ਕਿ ਫੈਸਲਾ ਲੈ ਸਕੋ ਕਿ ਤੁਸੀਂ ਇਸ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ਜਾਂ ਨਹੀਂ। ਜਿਨ੍ਹਾਂ ਮਰੀਜ਼ਾਂ ਨੂੰ ਲਿਖਤੀ ਇਬਾਰਤ ਪੜ੍ਹਨ ਵਿਚ ਖਾਸ ਮਦਦ ਦੀ ਲੋੜ ਪੈਂਦੀ ਹੈ, ਉਨ੍ਹਾਂ ਦੀ ਸਹੂਲਤ ਲਈ ਜਾਣਕਾਰੀ ਦੇ ਪਰਚੇ ਦਾ ਆਸਾਨੀ ਨਾਲ ਪੜ੍ਹੇ ਜਾਣ ਵਾਲਾ ਅਤੇ ਸੁਣੇ ਜਾਣ ਵਾਲਾ ਰੂਪਾਂਤਰਨ ਇੱਥੇ ਸ਼ਾਮਿਲ ਕੀਤਾ ਗਿਆ ਹੈ।

ਜੇ ਤੁਹਾਡੇ ਕੋਲ ਅਧਿਐਨ ਜਾਂ ਇਸ ਵਿੱਚ ਹਿੱਸਾ ਲੈਣ ਬਾਰੇ ਕੋਈ ਵੀ ਸਵਾਲ ਹਨ, ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ:

**ਈ-ਮੇਲ:** research.badger@keele.ac.uk **ਫ਼ੋਨ:** 01782 731750

ਜਾਂ ਫਿਰ, ਤੁਸੀਂ ਇਸ ਪੈਕ ਵਿੱਚ ਸ਼ਾਮਲ ਜਵਾਬੀ ਪਰਚੀ ਭਰ ਕੇ ਭੇਜ ਸਕਦੇ ਹੋ ਤੇ ਸਾਡੀ ਟੀਮ ਦਾ ਇੱਕ ਮੈਂਬਰ ਤੁਹਾਨੂੰ ਸੰਪਰਕ ਕਰੇਗਾ।

ਅਸੀਂ ਤੁਹਾਡੇ ਜਵਾਬ ਦੀ ਉਮੀਦ ਕਰ ਰਹੇ ਹਾਂ।

**ਆਪ ਦੇ ਵਿਸ਼ਵਾਸਪਾਤਰ,**

**ਐਲਿਸ ਫੌ-ਨਾਈਟਿੰਗੇਲ, ਰੋਜ਼ੀ ਹੈਰੀਸਨ, ਕਲੇਅਰ ਜਿੰਕਸ, ਵਿਕਟੋਰੀਆ ਵੈਲਸ਼ ਅਤੇ ਕਲੇਅਰ ਬਰਟਨ**

**BADGER ਅਧਿਐਨ ਟੀਮ**

*We can translate this letter if needed. Please contact the BADGER team on 01782 731750 or email research.badger@keele.ac.uk*

ਲੋੜ ਪੈਣ 'ਤੇ ਅਸੀਂ ਇਸ ਪੱਤਰ ਦਾ ਅਨੁਵਾਦ ਵੀ ਕਰ ਸਕਦੇ ਹਾਂ। BADGER ਮੈਂਬਰਾਂ ਨੂੰ ਇਸ ਨੰਬਰ- 01782731750 'ਤੇ ਫੋਨ ਕਰੋ ਜਾਂ research.badger@keele.ac.uk 'ਤੇ ਈਮੇਲ ਕਰੋ।

Keele University
Staffordshire
ST5 5BG UK

T: +44(0)1782 732000
**keele.ac.uk**